**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 - 106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ ਅਤੇ ਐ ਸਿ)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/51314 - 54
ਮਿਤੀ ਚੰਡੀਗੜ੍ਹ 7 ਜੁਲਾਈ, 2009

ਵਿਸ਼ਾ **ਸਕੂਲਾਂ ਵਿੱਚ ਸਟਾਫ ਦੇ ਹਾਜ਼ਰੀ ਰਜਿਸਟਰ ਵਿੱਚ ਛੁੱਟੀਆਂ ਦਾ ਇੰਦਰਾਜ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਡਵੀਜ਼ਨਲ ਪੱਧਰ ਅਤੇ ਜ਼ਿਲ੍ਹਾ ਪੱਧਰ ਦੀਆ ਨਿਰੀਖਣ ਟੀਮਾਂ ਦੀਆ ਰਿਪੋਰਟਾਂ ਨੂੰ ਵਾਂਚਣ ਤੋਂ ਇਹ ਗੱਲ ਸਾਹਮਨੇ ਆਈ ਹੈ ਕਿ ਕਈ ਸਕੂਲਾਂ ਵਿੱਚ ਅਧਿਆਪਕਾਂ ਵਲੋਂ ਲਈ ਗਈ ਅਚਨਚੇਤ ਛੁੱਟੀਆਂ ਦਾ ਹਾਜ਼ਰੀ ਰਜਿਸਟਰ ਵਿੱਚ ਸਕੂਲ ਮੁੱਖੀ ਵਲੋਂ ਇੰਦਰਾਜ ਠੀਕ ਢੱਗ ਨਾਲ ਨਹੀਂ ਕੀਤਾ ਜਾਂਦਾ । ਮਿਸਾਲ ਦੇ ਤੌਰ ਤੇ ਕਈ ਅਧਿਆਪਕ ਆਪਣੀ ਇੱਕ ਦਿਨ ਦੀ ਅਚਨਚੇਤ ਛੁੱਟੀ ਲਈ 1 ਲਗਾ ਕੇ ਚਲੇ ਜਾਂਦੇ ਹਨ ਅਤੇ ਅਗਲੇ ਦਿਨ ਆਉਣ ਉਪਰੰਤ ਇਸ 1 ਨੂੰ ½ ਜਾਂ ⅓ ਕਰ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਕਰਨ ਨਾਲ ਅਧਿਆਪਕਾਂ ਵਲੋਂ ਦਸ ਦਿਨਾਂ ਦੀ ਅਚਨਚੇਤ ਛੁੱਟੀਆ ਦੀ ਥਾਂ 20 ਜਾਂ 30 ਛੁੱਟੀਆਂ ਲੈਣ ਦੀ ਸ਼ੰਕਾ ਬਣੀ ਰਹਿੰਦੀ ਹੈ । ਇਸ ਤਰ੍ਹਾਂ ਦੇ ਖਾਸ ਕੇਸ ਵੀ ਇਸ ਦਫਤਰ ਦੇ ਧਿਆਨ ਵਿੱਚ ਆਏ ਹਨ ਭਾਵੇ ਕਿ ਕਈ ਕੇਸਾਂ ਵਿੱਚ ਸਬੰਧਤ ਸਕੂਲ ਮੁੱਖੀਆ ਦੀ ਜਵਾਬ ਤਲਬੀ ਕਰਨ ਉਪਰੰਤ ਲੋੜੀਂਦੀ ਕਾਰਵਾਈ ਕੀਤੀ ਜਾ ਰਹੀਂ ਹੈ ਪਰੰਤੂ ਇਸ ਦੇ ਨਾਲ ਹੀ ਆਪ ਜੀ ਨੂੰ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਜਦੋ ਵੀ ਕੋਈ ਸਟਾਫ ਮੈਂਬਰ ਇੱਕ ਦਿਨ ਦੀ ਛੁੱਟੀ ਲੈਂਦਾ ਹੈ ਤਾਂ ਉਸ 1 ਦਿਨ ਦੀ ਥਾਂ "ਇੱਕ ਦਿਨ" ਆਦੀ ਲਿਖਣਾ ਚਾਹੀਦਾ ਹੈ ਅਤੇ ਹਾਜ਼ਰੀ ਦੇ ਰਜਿਸਟਰ ਵਿੱਚ ਵੀ ਇਹ ਛੁੱਟੀ ਅੱਖਰਾਂ ਵਿੱਚ ਹੀ ਅੱਧਾ ਦਿਨ, ਇੱਕ ਦਿਨ, ਦੋ ਦਿਨ, ਆਦੀ ਦੀ ਤਰ੍ਹਾਂ ਲਿਖੀ ਜਾਵੇ । ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਕੀਤੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਤਾਰਾ ਪੀ.ਏ./ਡੀ.ਜੀ.ਐਸ.ਈ.